بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.10.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਮੁਅਵਿੱਜ਼ ਬਿਨ ਹਾਰਿਸ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਅਕਤੂਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔

اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਜਿਹੜੇ ਸਹਾਬੀ ਬਾਰੇ ਮੈਂ ਵਰਨਣ ਕਰਾਂਗਾਂ ਉਹਨਾ ਦਾ ਨਾਂ ਹਜ਼ਰਤ ਮੁਅਵਿੱਜ਼ ਬਿਨ ਹਾਰਿਸ ਰਜ਼ੀ ਅਲੱਾਹ ਅਨਹੁ ਹੈ । ਹਜ਼ਰਤ ਮੁਅੱਵਿਜ਼ ਰਜ਼ੀ ਅਲੱਾਹ ਅਨਹੁ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਨਾਲ ਸੀ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਅਜੇ ਹਜ਼ਰਤ ਔਫ਼ ਰਜ਼ੀ ਅਲੱਾਹ ਅਨਹੁ ਦੇ ਭਰਾ ਸਨ । ਇਹਨਾਂ ਤਿੰਨ੍ਹਾ ਨੂੰ ਬਨੂ ਅਫ਼ਰਾਅ ਵੀ ਕਿਹਾ ਜਾਂਦਾ ਸੀ । ਇਬਨੇ ਇਸਹਾਕ ਨੇ ਬਿਆਨ ਕੀਤਾ ਹੈ ਕਿ ਹਜ਼ਰਤ ਮੁਅਵਿੱਜ਼ ਸਤੱਰ ਅੰਸਾਰਾਂ ਨਾਲ ਬੈਅਤੇ ਉਕਬਾ ਸਾਨੀਆ ਵਿੱਚ ਸ਼ਾਮਲ ਸਨ । ਹਜ਼ਰਤ ਮੁਅਵਿੱਜ਼ ਰਜ਼ੀ ਅਲੱਾਹ ਅਨਹੁ ਨੂੰ ਆਪਣੇ ਦੋਵੇ ਭਰਾਵਾਂ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਔਫ਼ ਰਜ਼ੀ ਅਲੱਾਹ ਅਨਹੁ ਦੇ ਨਾਲ ਬਦਰ ਦੀ ਜੰਗ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ ।

ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਬਦਰ ਦੀ ਜੰਗ ਦੇ ਦਿਨ ਫ਼ਰਮਾਇਆ ਕਿ ਕੌਣ ਦੇਖੇਗਾ ਕਿ ਅਬੂ ਜਿਹਲ ਦਾ ਕੀ ਹਾਲ ਹੋਇਆ ਹੈ । ਹਜ਼ਰਤ ਇਬਨੇ ਮਸਊਦ ਰਜ਼ੀ ਅਲੱਾਹ ਅਨਹੁ ਗਏ ਅਤੇ ਜਾਕੇ ਦੇਖਿਆ ਕਿ ਇਸ ਨੂੰ ਅਫ਼ਰਾਅ ਦੇ ਦੋ ਪੁਤੱਰਾਂ ਨੇ ਤਲਵਾਰਾਂ ਨਾਲ ਐਨ੍ਹਾ ਮਾਰਿਆ ਹੈ ਕਿ ਉਹ ਮਰਨ ਦੇ ਨੇੜੇ ਹੋ ਗਿਆ ਹੈ । ਬਾਦ ਵਿੱਚ ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹ ਅਨਹੁ ਨੇ ਇਸ ਦਾ ਸਿਰ ਸ਼ਰੀਰ ਤੋਂ ਅੱਡ ਕਰ ਦਿਤੱਾ ਸੀ। ਬਦਰ ਦੀ ਜੰਗ ਦੇ ਮੌਕੇ'ਤੇ ਹਜ਼ਰਤ ਮੁਅਵਿੱਜ਼ ਰਜ਼ੀ ਅਲੱਾਹ ਅਨਹੁ ਲੜਦਿਆਂ ਲੜਦਿਆਂ ਸ਼ਹੀਦ ਹੋ ਗਏ । ਆਪ ਨੂੰ ਅਬੂ ਮੁਸਾਫ਼ਹ ਦੇ ਸ਼ਹੀਦ ਕੀਤਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਅਗਲੇ ਸਹਾਬੀ ਦਾ ਨਾਂ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਹੈ । ਹਜ਼ਰਤ ਉਬੀ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਮੁਆਵੀਆਹ ਵਿੱਚੋਂ ਸੀ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਦਰਮਿਆਨੇ ਕੱਦ ਦੇ ਸਨ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਇਸਲਾਮ ਤੋਂ ਪਹਿਲਾਂ ਵੀ ਪੜ੍ਹਨਾ ਲਿਖੱਣਾ ਜਾਣਦੇ ਸਨ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਪੱਰ ਨਾਜ਼ਿਲ ਹੋਣ ਵਾਲੀ ਵਹੀ ਲਿਖੱਣ ਦਾ ਸੁਭਾਗ ਪ੍ਰਾਪਤ ਹੋਇਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਮੇਰੀ ਉਮੱਤ ਦੇ ਸਭ ਤੋਂ ਵੱਡੇ ਕਾਰੀ ਉਬੀ ਰਜ਼ੀ ਅਲੱਾਹ ਅਨਹੁ ਹਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਉਹਨਾਂ ਚਾਰ ਵਿਅਕਤੀਆਂ ਵਿੱਚੋਂ ਸਨ ਜਿੰਨ੍ਹਾ ਬਾਰੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਕਿਰੱਾਏ ਉਮੱਤ (ਉਮੱਤ ਦੇ ਕਾਰੀ) ਹਨ ਅਰਥਾਤ ਜੇਕਰ ਕਿਸੇ ਨੇ ਕੁਰਆਨ ਕਰੀਮ ਸਿਖੱਣਾ ਹੋਵੇ ਤਾਂ ਇਹਨਾਂ ਤੋਂ ਸਿੱਖੇ । ਆਪ ਉਹਨਾ 15 ਵਿਅਕਤੀਆਂ ਵਿੱਚੋਂ ਸਨ ਜਿੰਨ੍ਹਾ ਤੋਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਕੁਰਆਨ ਕਰੀਮ ਲਿਖਵਾਉਂਦੇ ਸਨ ।

ਹਜ਼ਰਤ ਅਨਸ ਬਿਨ ਮਾਲਕ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ, ਰੱਬ ਨੇ ਮੈਨੂੰ ਹੁਕਮ ਦਿਤੱਾ ਹੈ ਕਿ ਮੈਂ ਤੁਹਾਨੂੰ ਸੂਰਤ (لَمۡ يَكُنِ الَّذِيۡنَ كَفَرُوۡا مِنۡ اَهۡلِ الۡكِتٰبِ) 'ਲਮ ਯਕੁਨ ਨਲੱਜ਼ੀਨਾ ਕਾਫ਼ਾਰੂ ਮਿਨ ਅਹਲਿਲ ਕਿਤਾਬਿ' ਪੜ੍ਹਕੇ ਸੁਣਾਵਾਂ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੇ ਪੁੱਛਿਆ ਕੀ ਅਲੱਾਹ ਨੇ ਆਪ ਅੱਗੇ ਮੇਰਾ ਨਾਂ ਲਿਆ ਸੀ, ਆਪ ਨੇ ਫ਼ਰਮਾਇਆ ਹਾਂ, ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਸੁਣ ਕੇ ਰੋ ਪਏ ।

ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਚਾਰ ਵਿਅਕਤੀਆਂ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਵਿੱਚ ਸਾਰੇ ਦਾ ਸਾਰਾ ਕੁਰਆਨ ਕੰਠ ਕਰ ਲਿਆ ਸੀ ਇਹ ਸਾਰੇ ਅੰਸਾਰੀ ਸਨ । ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ, ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬੂ ਜ਼ੈਦ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਜ਼ੈਦ ਬਿਨ ਸਾਬਤ ਰਜ਼ੀ ਅਲੱਾਹ ਅਨਹੁ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੀ ਉਮੱਤ ਵਿੱਚ ਕਿਰੱਅਤ ਦੇ ਸਭ ਤੋਂ ਵੱਧ ਜਾਣਕਾਰ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਹਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਦੀਨੇ ਆਉਣ'ਤੇ ਸਭ ਤੋਂ ਪਹਿਲੀ ਵਹੀ ਲਿਖੱਣ ਵਾਲੇ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਹੀ ਸਨ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੇ ਕੁਰਆਨ ਕਰੀਮ ਦਾ ਇਕ ਇਕ ਅਖੱਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਮੂਹੋਂ ਸੁਣਕੇ ਯਾਦ ਕਰ ਲਿਆ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਵੀ ਇਹਨਾਂ ਦੇ ਸ਼ੌਕ ਨੂੰ ਦੇਖਕੇ ਇਹਨਾ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ । ਇਕ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਜਰ ਦੀ ਨਮਾਜ਼ ਪੜ੍ਹਾਈ ਇਸ ਵਿੱਚ ਇਕ ਆਇਤ ਪੜ੍ਹਨਾ ਭੁੱਲ ਗਏ । ਨਮਾਜ਼ ਖ਼ਤਮ ਕਰਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਲੋਕਾਂ ਨੂੰ ਪੁੱਛਿਆ ਕਿ ਕਿਸੇ ਨੇ ਮੇਰੀ ਕਿਰਅਤ'ਤੇ ਵਿਚਾਰ ਕੀਤਾ ਸੀ, ਸਾਰੇ ਲੋਕ ਚੁੱਪ ਰਹੇ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ, ਹੇ ਰਸੂਲੁਲੱਾਹ, ਆਪ ਨੇ ਜੋ ਫ਼ਲਾਣੀ ਆਇਤ ਨਹੀਂ ਪੜ੍ਹੀ ਕੀ ਇਹ ਰੱਦ ਹੋ ਗਈ ਹੈ ਜਾਂ ਆਪ ਪੜ੍ਹਨਾ ਭੁੱਲ ਗਏ ਸਨ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਨੇ ਫ਼ਰਮਾਇਆ ਨਹੀਂ ਮੈਂ ਪੜ੍ਹਨਾ ਭੁੱਲ ਗਿਆ ਸੀ । ਇਸ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਮੈਂ ਜਾਣਦਾ ਸੀ ਕਿ ਤੁਹਾਡੇ ਤੋਂ ਬਿਨਾ ਹੋਰ ਕਿਸੇ ਨੂੰ ਇਧੱਰ ਧਿਆਨ ਨਹੀਂ ਹੋਇਆ ਹੋਵੇਗਾ ।

ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਨੂੰ ਫ਼ਰਮਾਇਆ ਕਿ ਹੇ, ਉਬੀ ਮੈਨੂੰ ਸੰਦੇਸ਼ ਭਿਜਵਾਇਆ ਗਿਆ ਹੈ ਕਿ ਮੈਂ ਕੁਰਆਨ ਨੂੰ ਇਕ ਕਿਰੱਅਤ ਵਿੱਚ ਪੜ੍ਹਾਂ । ਮੈਂ ਇਸ ਦਾ ਉਤੱਰ ਦਿੱਤਾ ਕਿ ਮੇਰੀ ਉਮੱਤ ਲਈ ਆਸਾਨੀ ਪੈਦਾ ਕਰਦੇ, ਸੋ, ਉਸਨੇ ਮੈਨੂੰ ਦੂਜੀ ਵਾਰ ਇਹ ਉਤੱਰ ਦਿਤੱਾ ਕਿ ਮੈਂ ਕੁਰਆਨ ਨੂੰ ਦੋ ਕਿਰੱਅਤਾਂ ਵਿੱਚ ਪੜ੍ਹਾਂ । ਫਿਰ ਮੈਂ ਅਰਜ਼ ਕੀਤ ਕਿ ਮੇਰੀ ਉਮੱਤ ਲਈ ਆਸਾਨੀ ਫ਼ਰਮਾਦੇ । ਫਿਰ ਉਸਨੇ ਤੀਜੀ ਵਾਰ ਮੈਨੂੰ ਉਤੱਰ ਦਿਤੱਾ ਕਿ ਇਸਨੂੰ ਸੱਤ ਕਿਰੱਅਤਾਂ ਵਿੱਚ ਪੜ੍ਹ ਲਓ । ਸੋ, ਹਰ ਸਵਾਲ ਦੇ ਬਦਲੇ ਜਿਸਦਾ ਮੈਂ ਤੈਨੂੰ ਉਤੱਰ ਦਿਤੱਾ ਹੈ ਇਕ ਦੁਆ ਦਾ ਹੱਕ ਤੈਨੂੰ ਦਿਤੱਾ ਗਿਆ ਹੈ । ਜੋ ਤੂੰ ਮੈਥੋਂ ਮੰਗ ਸਕਦਾ ਹੈਂ, ਤੱਦ ਮੈਂ ਅਰਜ਼ ਕੀਤੀ ਕਿ ਹੇ, ਅਲੱਾਹ ! ਮੇਰੀ ਉਮੱਤ ਨੂੰ ਬਖ਼ਸ਼ ਦੇ, ਹੇ, ਅਲੱਾਹ! ਮੇਰੀ ਉਮੱਤ ਨੂੰ ਬਖ਼ਸ਼ ਦੇ ਅਤੇ ਤੀਜੀ ਦੁਆ ਮੈਂ ਉਸ ਦਿਨ ਲਈ ਛੱਡ ਰੱਖ ਹੈ ਜਿਸ ਦਿਨ ਸਾਰੀ ਮਖ਼ਲੂਕ ਮੇਰੀ ਵੱਲ ਧਿਆਨ ਕਰੇਗੀ ਇੱਥੋਂ ਤੱਕ ਕਿ ਇਬ੍ਰਾਹੀਮ ਵੀ ।

ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਨੂੰ ਕਿਰੱਅਤ ਦੇ ਫ਼ਨ ਵਿੱਚ ਜੋ ਕਮਾਲ ਹਾਸਲ ਸੀ ਉਸਦਾ ਅੰਦਾਜ਼ਾ ਇਸ ਨਾਲ ਹੋ ਸਕਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਆਪ ਉਹਨਾ ਤੋਂ ਕੁਰਆਨ ਦਾ ਦੌਰ ਕਰਵਾਉਂਦੇ ਸਨ । ਸੋ, ਜਿਸ

ਸਾਲ ਆਪ ਨੇ ਵਫ਼ਾਤ ਪਾਈ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੂੰ ਕੁਰਆਨ ਸੁਣਾਇਆ ਅਤੇ ਫ਼ਰਮਾਇਆ ਮੈਂਨੂੰ ਜਿਬਰਾਈਲ ਨੇ ਕਿਹਾ ਸੀ ਕਿ ਉਬੀ ਨੂੰ ਕੁਰਆਨ ਸੁਣਾ ਦਿਓ ।

ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਅਬੂ ਮੁੰਜ਼ਰ ਕੀ ਤੁਹਾਨੂੰ ਪਤਾ ਹੈ ਕਿ ਅਲੱਾਹ ਦੀ ਕਿਤਾਬ ਵਿੱਚ ਜੋ ਤੁਹਾਡੇ ਕੋਲ ਹੈ ਸਭ ਤੋਂ ਮਹਾਨ ਆਇਤ ਕਿਹੜੀ ਹੈ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਅਲੱਾਹ ਅਤੇ ਉਸਦਾ ਰਸੂਲ ਬਿਹਤਰ ਜਾਣਦੇ ਹਨ । ਆਪ ਨੇ ਦੁਬਾਰਾ ਪੁੱਛਿਆ ਕੀ ਤੁਸੀਂ ਜਾਣਦੇ ਹੋ ਕਿ ਅਲੱਾਹ ਦੀ ਕਿਤਾਬ ਵਿੱਚ ਜੋ ਤੁਹਾਡੇ ਕੋਲ ਹੈ ਸਭ ਤੋਂ ਮਹਾਨ ਆਇਤ ਕਿਹੜੀ ਹੈ। ਉਹ ਕਹਿੰਦੇ ਹਨ ਮੈਂ ਅਰਜ਼ ਕੀਤੀ ਕਿ (اَللّٰهُ لَاۤ اِلٰهَ اِلَّا هُوَ ۚ اَلۡحَیُّ الۡقَیُّوۡمُ) 'ਅਲੱਾਹੁ ਲਾ ਇਲਾਹਾ ਇਲੱਾ ਹੁਵਲ ਹਯੁੱਲ ਕਯੂੱਮੁ' ਉਹ ਕਹਿੰਦੇ ਹਨ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਮੇਰੀ ਹਿੱਕ ਵਿੱਚ ਹੱਥ ਮਾਰਿਆ ਅਤੇ ਫ਼ਰਮਾਇਆ, ਬਖ਼ੁਦਾ ! ਹੇ ਅਬੂ ਮੁੰਜ਼ਰ ਗਿਆਨ ਤੁਹਾਨੂੰ ਮੁਬਾਰਕ ਹੋਵੇ ।

ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਦੇ ਸਮੇਂ ਵਿੱਚ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਤੁਫ਼ੈਲ ਬਿਨ ਉਮਰੋ ਦੋਸੀ ਰਜ਼ੀ ਅਲੱਾਹ ਅਨਹੁ ਨੂੰ ਕੁਰਆਨ ਪੜ੍ਹਾਇਆ ਸੀ । ਉਹਨਾ ਨੇ ਇਕ 'ਕਮਾਨ' ਤੋਹਫ਼ੇ ਵੱਜੋਂ ਪੇਸ਼ ਕੀਤੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਇਸ ਨੂੰ ਵਾਪਸ ਕਰ ਦਿਓ । ਭਵਿੱਖ ਵਿੱਚ ਅਜਿਹੇ ਤੋਹਫ਼ਿਆਂ ਤੋਂ ਗੁਰੇਜ਼ ਕਰਨਾ । ਅਰਥਾਤ ਕੁਰਆਨ ਪੜ੍ਹਾਉਣ ਦੇ ਬਦਲੇ ਕੋਈ ਤੋਹਫ਼ਾ ਨਹੀਂ ਲੈਂਣਾ ।

ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਬਦਰ, ਉਹਦ, ਖ਼ੰਦਕ ਤੇ ਹੋਰਨਾ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਕੁਰਆਨ ਮਜੀਦ ਦੀ ਤਰਤੀਬ ਤੇ ਬਣਤਰ ਦਾ ਕੰਮ ਅਰੰਭ ਹੋਇਆ । ਸਹਾਬਾ ਦਾ ਜੋ ਜਥੱਾ ਇਸ ਸੇਵਾ ਲਈ ਨਿਯੁਕਤ ਹੋਇਆ, ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਇਸਦੇ ਨਿਗਰਾਨ ਸਨ । ਉਹ ਕੁਰਆਨ ਦੇ ਸ਼ਬਦ ਬੋਲਦੇ ਸਨ ਅਤੇ ਲੋਕ ਇਹਨਾ ਨੂੰ ਲਿਖੱਦੇ ਜਾਂਦੇ ਸਨ ।

ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਆਪਣੇ ਖ਼ਿਲਾਫ਼ਤ ਕਾਲ ਵਿੱਚ ਸੈਂਕੜਿਆਂ ਲਾਹੇਵੰਦ ਗਲੱਾਂ ਦਾ ਵਾਧਾ ਕੀਤਾ ਜਿਸ ਵਿੱਚ ਇਕ ਮਜਲਿਸੇ ਸ਼ੂਰਾ (ਪ੍ਰਾਮਰਸ਼ ਸਭਾ) ਦੀ ਸਥਾਪਨਾ ਵੀ ਸੀ । ਜਿਸ ਵਿੱਚ ਖ਼ਜ਼ਰਜ ਕਬੀਲੇ ਵੱਲੋਂ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਵੀ ਮੈਂਬਰ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਉਹਨਾਂ ਬਜ਼ੁਰਗਾਂ ਵਿੱਚੋਂ ਹਨ ਜਿੰਨ੍ਹਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤੋਂ ਹਦੀਸਾਂ ਦਾ ਬਹੁਤ ਵਡੱਾ ਭਾਗ ਸੁਣਿਆ ਸੀ, ਇਹੋ ਕਾਰਨ ਹੈ ਕਿ ਬਹੁਤ ਸਾਰੇ ਸਹਾਬਾ ਹਦੀਸਾਂ ਦੇ ਦਰਸਾਂ ਵਿੱਚ ਆਪਦੀ ਸ਼ਾਗਿਰਦੀ ਧਾਰਨ ਕਰ ਚੁਕੇ ਸਨ । ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬੂ ਅਯੁੱਬ ਅੰਸਾਰੀ ਰਜ਼ੀ ਅਲੱਾਹ ਅਨਹੁ, ਹਜ਼ਰਤ ਇਬਾਦਹ ਬਿਨ ਸਾਮਤ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ੀ ਅਲੱਾਹ ਅਨਹੁ, ਹਜ਼ਰਤ ਅਨਸ ਬਿਨ ਮਾਲਕ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬਦੁਲੱਾਹ ਬਿਨ ਅਬੱਾਸ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਸਹਲ ਬਿਨ ਸਅਦ ਆਦਿ ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਤੋਂ ਹਦੀਸਾਂ ਦੇ ਗਿਆਨ ਵਿੱਚ ਲਾਭ ਉਠਾਉਂਦੇ ਸਨ ।

ਹਜ਼ਰਤ ਕੈਸ ਬਿਨ ਇਬਾਦਹ ਰਜ਼ੀ ਅਲੱਾਹ ਅਨਹੁ ਦਾ ਬਿਆਨ ਹੈ ਕਿ ਮੈਂ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਤੋਂ ਵੱਧ ਕਿਸੇ ਨੂੰ ਨਹੀਂ ਦੇਖਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਕਾਲ ਵਿੱਚ ਕੁਰਆਨ ਮਜੀਦ ਵਿੱਚ ਉਚੱਾਰਣ ਤੇ ਬੋਲਣ ਦੇ ਢੰਗਾ ਵਿੱਚ ਮਤਿਭੇਦ ਆਮ ਹੋ ਚੁਕਾ ਸੀ । ਇਹ ਦੇਖਕੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਮੈਂ ਸਾਰਿਆਂ ਮੁਸਲਮਾਨਾ ਨੂੰ ਕੁਰਆਨ ਮਜੀਦ ਦੇ ਇਕ ਉਚੱਾਰਣ'ਤੇ ਇਕਠੱਾ ਕਾਰਨਾ ਚਾਹੁੰਦਾ ਹਾਂ । ਕੁਰੈਸ਼ ਤੇ ਅੰਸਾਰ ਵਿੱਚ ਬਾਰ੍ਹਾਂ ਵਿਅਕਤੀ ਸਨ ਜਿੰਨ੍ਹਾ ਨੂੰ ਕੁਰਆਨ'ਤੇ ਸੰਪੂਰਨ ਪਕੜ ਸੀ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਇਹਨਾਂ ਲੋਕਾਂ ਨੂੰ ਇਹ

ਮਹਤੱਵਪੂਰਨ ਕੰਮ ਸੁਪੁਰਦ ਕੀਤਾ ਅਤੇ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਨੂੰ ਇਸ ਸਭਾ ਦਾ ਪ੍ਰਧਾਨ ਨਿਯੁਕਤ ਕੀਤਾ। ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਕੁਰਆਨ ਕਰੀਮ ਦੇ ਸ਼ਬਦ ਬੋਲਦੇ ਜਾਂਦੇ ਅਤੇ ਹਜ਼ਰਤ ਜ਼ੈਦ ਰਜ਼ੀ ਅਲੱਾਹ ਅਨਹੁ ਲਿਖਦੇ ਜਾਂਦੇ ਸਨ । ਅੱਜ ਜੋ ਕੁਰਆਨ ਮਜੀਦ ਜਿੰਨ੍ਹੇ ਵੀ ਨੁਸਖ਼ੇ ਹਨ ਉਹ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਦੀ ਕਿਰੱਅਤ ਅਨੁਸਾਰ ਹਨ ।

ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਮੈਂ ਅੱਠ ਰਾਤਾਂ ਵਿੱਚ ਕੁਰਆਨ ਕਰੀਮ ਦਾ ਦਾ ਦੌਰ ਪੂਰਾ ਕਰ ਲੈਂਦਾ ਹਾਂ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਦਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਦਾ ਇਹ ਹਾਲ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮਸਜਿਦ ਨਬਵੀ ਦੇ ਸਤੰਭਾ ਵਿੱਚੋਂ ਖਜੂਰ ਦੇ ਇਕ ਤਣੇ ਨਾਲ ਖੜੇ ਹੋਕੇ ਖ਼ੁਤਬਾ ਦਿਆ ਕਰਦੇ ਸਨ, ਫਿਰ ਜੱਦ ਆਪ ਲਈ ਮੈਂਬਰ ਬਣਾਇਆ ਗਿਆ ਅਤੇ ਆਪ ਜੁਮਏ ਦੇ ਦਿਨ ਇਸ'ਤੇ ਬੈਠਕੇ ਖ਼ੁਤਬਾ ਦੇਣ ਲੱਗੇ ਤਾਂ ਇਸ ਸਤੰਭ ਵਿੱਚ ਚੀਕਣ ਦੀ ਆਵਾਜ਼ ਆਈ ਜਿਸਨੂੰ ਮਸਜਿਦ ਵਿੱਚ ਆਏ ਸਾਰਿਆਂ ਲੋਕਾਂ ਨੇ ਸੁਣਿਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਹਨਾਂ ਸਤੰਭਾਂ ਕੋਲ ਆਏ ਅਤੇ ਇਹਨਾ'ਤੇ ਆਪਣਾ ਹੱਥ ਰੱਖਿਆ ਫਿਰ ਇਸ ਨੂੰ ਆਪਣੀ ਹਿੱਕ ਨਾਲ ਲਾਇਆ ਤਾਂ ਉਹ ਤਣਾ ਉਸ ਮਾਸੂਮ ਬੱਚੇ ਵਾਂਗ ਰੋਣ ਲਗੱਾ ਜਿਸ ਨੂੰ ਚੁੱਪ ਕਰਾਇਆ ਜਾਂਦਾ ਹੈ ਇੱਥੋਂ ਤੱਕ ਕਿ ਉਸ ਨੂੰ ਕਰਾਰ ਆ ਗਿਆ ਅਤੇ ਆਵਾਜ਼ ਬੰਦ ਹੋ ਗਈ । ਫਿਰ ਜੱਦ ਮਸਜਿਦ ਦੀ ਨਵੀਂ ਉਸਾਰੀ ਲਈ ਡਿਗਾਈ ਗਈ ਅਤੇ ਪਰਿਵਰਤਨ ਕੀਤਾ ਗਿਆ ਤਾਂ ਹਜ਼ਰਤ ਉਬੀ ਬਿਨ ਕਆਬ ਰਜ਼ੀ ਅਲੱਾਹ ਅਨਹੁ ਨੇ ਕੇਵਲ ਇਸ ਕਰਕੇ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਇਸ ਨਾਲ ਟੇਕ ਲਾ ਕੇ ਖੜੇ ਹੁੰਦੇ ਸਨ ਉਹ ਤਣਾ ਲੈ ਲਿਆ ਅਤੇ ਉਸ ਨੂੰ ਆਪਣੇ ਘਰ ਲੈ ਗਏ ਇੱਥੋਂ ਤੱਕ ਕਿ ਉਹ ਬੁਸੀਦਾ ਹੋ ਗਿਆ ਦੀਮਕ ਨੇ ਉਸ ਨੂੰ ਖਾ ਲਿਆ ਤੇ ਭੁਰਕੇ ਖੇਰੂੰ ਖੇਰੂੰ ਹੋ ਗਿਆ ਪਰ ਉਹਨਾ ਨੇ ਆਪਣੇ ਕੋਲ ਹੀ ਰੱਖਿਆ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਵਿੱਚ ਛੇ ਕਾਜ਼ੀ ਸਨ, ਇਹਨਾ ਵਿੱਚ ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਵੀ ਸ਼ਾਮਲ ਸਨ । ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਮੇਂ ਵਿੱਚ ਸੌ ਦੀਨਾਰ ਪਾਏ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹੁਕਮ ਦਿਤੱਾ ਕਿ ਸਾਲ ਭਰ ਤੱਕ ਐਲਾਨ ਕਰਦੇ ਰਹਿਣਾ ਅਤੇ ਇਕ ਹੋਰ ਸਾਲ ਉਡੀਕ ਕਰਨਾ ਜੇਕਰ ਕੋਈ ਨਿਸ਼ਾਨੀ ਦਸੱਕੇ ਮੰਗੇ ਤਾਂ ਉਸ ਦੇ ਹਵਾਲੇ ਕਰ ਦੇਣਾ ਵਰਨਾ ਉਹ ਤੁਹਾਡਾ ਹੋ ਚੁੱਕਿਆ ਹੈ । ਇਕ ਵਿਅਕਤੀ ਮਸਜਿਦ ਵਿੱਚ ਕਿਸੇ ਗੁਆਚੀ ਚੀਜ਼ ਦਾ ਰੌਲ੍ਹਾ ਪਾ ਰਿਹਾ ਸੀ, ਹਜ਼ਰਤ ਉਬੀ ਨੇ ਦੇਖਿਆ ਤਾਂ ਗੁੱਸੇ ਹੋਏ ਅਤੇ ਕਿਹਾ ਇਹ ਗੱਲ ਮਸਜਿਦ ਨੇ ਅਦਬ ਦੇ ਵਿਰੁਧ ਹੈ ਕਿ ਇੱਥੇ ਕਿਸੇ ਸੰਸਾਰਕ ਚੀਜ਼ ਬਾਰੇ ਘੋਸ਼ਣਾ ਕੀਤੀ ਜਾਏ ।

ਹਜ਼ਰਤ ਉਬੀ ਰਜ਼ੀ ਅਲੱਾਹ ਅਨਹੁ ਦੀ ਵਫ਼ਾਤ ਤੀਹ ਹਿਜਰੀ ਵਿੱਚ ਹੋਈ । ਇਹਨਾ ਦੀ ਸੰਤਾਨ ਵਿੱਚ ਤੁਫ਼ੈਲ, ਮੁਹਮੱਦ ਅਤੇ ਬੇਟੀ ਉਮੇ ਉਮਰੋ ਹਨ ਅਤੇ ਇਹਨਾ ਬੱਚਿਆਂ ਦੀ ਮਾਂ ਦਾ ਨਾਂ ਉਮੇ ਤੁਫ਼ੈਲ ਬਿੰਤ ਤੁਫ਼ੈਲ ਸੀ, ਉਹ ਦੋਸ ਕਬੀਲੇ ਨਾਲ ਸੰਬੰਧ ਰਖੱਦੀ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ ਇੱਥੇ ਇਹਨਾ ਦਾ ਜ਼ਿਕਰ ਖ਼ਤਮ ਹੋਇਆ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma   16.10.2020**
Delivered By     :  Hadhrat Khalifatul Masih Vth (atba)
Summarized by :  Majlis Ansarullah Bharat
Tarnslated by    :  Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131